RP 727758836IN

HIRA LAL GOYAL
Advocate
NOTARY PUBLIC
Distt. Vice President, B.J.P.
Member, Grievance Committee,
Sub Division, Malerkotla.

Resi. : 01675-242103
(M) 98150-26047
Ward No. 2, Opp. Railway Station
Dr. Ambedkar Nagar,
AHMEDGARH (Distt. Sangrur) (Pb.)

22/6/18

DATED 12-6-18

ਸੇਵਾ ਵਿਖੇ,

ਮਾਨਯੋਗ ਨਵਜੋਤ ਸਿੰਘ ਸਿੱਧੂ ਸਾਹਿਬ,
ਲੋਕਲ ਬਾਡੀ ਮੰਤਰੀ,
ਪੰਜਾਬ ਸਰਕਾਰ, ਚੰਡੀਗੜ੍ਹ।

ਵਿਸ਼ਾ:- ਸ਼ਹਿਰੀ ਇਲਾਕਿਆਂ ਵਿੱਚ ਧਰਤੀ ਹੇਠਲਾ ਪਾਣੀ ਬਚਾਉਣ ਲਈ ਸੁਝਾਓ।

ਸ਼੍ਰੀਮਾਨ ਜੀ,

ਬੇਨਤੀ ਹੈ ਕਿ ਮੈਂ ਅਹਿਮਦਗੜ੍ਹ ਸਹਿਰ, ਜਿਲ੍ਹਾ ਸੰਗਰੂਰ ਦਾ ਰਹਿਣ ਵਾਲਾ ਹਾਂ ਅਤੇ ਧਾਰਮਿਕ, ਸਮਾਜਿਕ ਕੰਮਾਂ ਵਿੱਚ ਜੁੜਿਆ ਹੋਇਆ ਹਾਂ। ਸੁਰੂ ਤੋਂ ਪੰਜਾਬ ਦਾ ਰਹਿਣ ਵਾਲਾ ਹਾਂ, ਕੋਈ ਸਮਾਂ ਸੀ ਜਦੋਂ ਲੋਕ ਖੂਹਾਂ ਤੋਂ ਖੇਤਾਂ ਦੀ ਸਿੰਚਾਈ ਕਰਦੇ ਸਨ ਅਤੇ ਪੀਣ ਲਈ ਪਾਣੀ ਦੀ ਵੀ ਵਰਤੋਂ ਕੀਤੀ ਜਾਂਦੀ ਸੀ ਅਤੇ ਛੋਟੇ-ਛੋਟੇ ਜਿਹਨਾਂ ਨੂੰ ਕੁੱਤਾ ਪੰਪ ਕਹਿੰਦੇ ਸੀ ਰਾਹੀਂ ਘਰ ਵਿੱਚ ਅਤੇ ਬਾਹਰ ਰਸਤਿਆਂ ਵਿੱਚ ਲੋਕਾਂ ਨੇ ਪੀਣ ਲਈ ਪਾਣੀ ਦਾ ਸਾਧਨ ਬਣਾਇਆ ਸੀ।

ਇਹ ਕਿ ਸਾਲ 1975-80 ਦੇ ਸਮੇਂ ਵਿੱਚ ਲੋਕਾ ਨੇ ਜੀਰੀ ਦੀ ਫਸਲ ਪੈਦਾ ਕਰਨੀ ਸੁਰੂ ਕਰ ਦਿੱਤੀ ਅਤੇ ਅਬਾਦੀ ਵਿੱਚ ਵੀ ਵਾਧਾ ਹੁੰਦਾ ਰਿਹਾ, ਜਿਸ ਨਾਲ ਖੂਹਾਂ ਦਾ ਪਾਣੀ ਖਤਮ ਹੋ ਗਿਆ ਅਤੇ ਧਰਤੀ ਹੇਠਲੇ ਪਾਣੀ ਦੀ ਸਤਾਹ ਨੀਵੀਂ/ਡੂੰਘੀ ਹੋਣੀ ਸੁਰੂ ਹੋ ਗਈ। ਅੱਜ ਧਰਤੀ ਵਿੱਚੋਂ ਪਾਣੀ 300 ਫੁੱਟ ਥੱਲੇ ਜਾ ਚੁੱਕਾ ਹੈ, ਜਦਕਿ ਪਹਿਲਾਂ ਪਾਣੀ 10-20 ਫੁੱਟ ਤੇ ਮਿਲ ਜਾਂਦਾ ਸੀ।

ਇਹ ਕਿ ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਆਪਣੀਆਂ ਵੋਟਾਂ ਲੈਣ ਦੀ ਖਾਤਰ ਲੋਕਾਂ ਨੂੰ ਫਰੀ ਪਾਣੀ ਦੀ ਸਹੂਲਤ ਪਿੰਡਾਂ ਅਤੇ ਸਹਿਰਾਂ ਵਿੱਚ ਕਰ ਦਿੱਤੀ। ਜਿਸ ਨਾਲ ਲੋਕ ਮੁਫਤ ਦਾ ਪਾਣੀ ਸਮਝ ਕੇ ਪਾਣੀ ਦੀ ਲੋੜ ਅਨੁਸਾਰ ਵਰਤੋਂ ਤੋਂ ਵੱਧ ਵੇਸਟੇਜ ਵੀ ਕਰਨ ਲੱਗ ਪਏ। ਜਿਸ ਨਾਲ ਧਰਤੀ ਹੇਠਲਾ ਪਾਣੀ ਡੂੰਘਾ ਹੁੰਦਾ ਚਲਿਆ ਗਿਆ।

ਇਹ ਕਿ ਸਰਕਾਰ ਵੱਲੋਂ ਫਰੀ ਦਾ ਪਾਣੀ ਹੋਣ ਕਰਕੇ ਲੋਕਾਂ ਦੇ ਘਰਾਂ ਵਿੱਚ ਆਮ ਦੇਖਣ ਨੂੰ ਮਿਲਦਾ ਹੈ ਕਿ ਟੂੱਟੀਆਂ ਖੁੱਲੀਆਂ ਚੱਲਦੀਆਂ ਰਹਿੰਦੀਆਂ ਹਨ ਅਤੇ ਕਈ ਟੂੱਟੀਆਂ ਉੱਪਰ ਟੈਪ ਵੀ ਨਹੀਂ ਲੱਗੇ ਹੁੰਦੇ, ਜਿਸ ਨਾਲ ਨਾਲੀਆਂ, ਸੀਵਰੇਜ਼ ਭਰੇ ਰਹਿੰਦੇ ਹਨ ਅਤੇ ਡਿਸਪੋਜਲ ਦੀ ਸਮੱਸਿਆ ਸਰਕਾਰ ਲਈ ਖੜੀ ਰਹਿੰਦੀ ਹੈ। ਜਿਵੇ ਕਿ ਬੁੱਢੇ ਨਾਲੇ ਵਰਗੇ ਭਰੇ ਹੀ ਰਹਿੰਦੇ ਹਨ ਅਤੇ ਹਰ ਸਾਲ ਸਫਾਈ ਕਰਨ ਲਈਂ ਕਰੋੜਾ ਰੁਪਏ ਸਰਕਾਰ ਵੱਲੋਂ ਖਰਚ ਕੀਤੇ ਜਾ ਰਹੇ ਹਨ।

ਇਹ ਕਿ ਇਸ ਲਈ ਮੇਰਾ ਸੁਝਾਅ ਹੈ ਕਿ ਸ਼ਹਿਰਾਂ ਵਿੱਚ ਘੱਟ

LAL GOYAL
Advocate
ARY PUBLIC
. Vice President, B.J.P.
ember, Grievance Committee,
Sub Division, Malerkotla.

Resi. : 01675-242103
(M) 98150-26047
Ward No. 2, Opp. Railway Station
Dr. Ambedkar Nagar,
AHMEDGARH (Distt. Sangrur) (Pb.)

DATED 12-6-18

ਸਮੇਂ ਲਈ ਟਿਊਬਵੈਲ ਚਲਾਏ ਜਾਣ ਕਿਉਂਕਿ ਲੋਕਾਂ ਕੋਲ ਪਾਣੀ ਸਟੋਰ ਕਰਨ ਲਈ 80-90 ਪ੍ਰਤੀਸਤ ਲੋਕਾਂ ਪਾਸ ਘਰਾਂ ਦੀਆਂ ਛੱਤਾਂ ਤੇ ਟੈਕੀਆਂ ਬਣਾਈਆਂ ਹੋਈਆਂ ਹਨ। ਜਿਸ ਨਾਲ ਪਾਣੀ ਦੀ ਵਾਧੂ ਵੇਸਟੇਂਜ ਰੁਕ ਸਕਦੀ ਹੈ।

ਇਹ ਕਿ ਕੁਝ ਘਰਾਂ ਵਿੱਚ ਤਾਂ ਸਬਮਰਸੀਬਲ ਪੰਪ ਵੀ ਲੱਗੇ ਹੋਏ ਹਨ, ਜਿਸਦੀ ਲੋਕ ਵਰਤੋਂ ਕਰਕੇ ਪਾਣੀ ਦੀ ਜਰੂਰਤ ਨੂੰ ਪੂਰਾ ਕਰ ਸਕਦੇ ਹਨ।

ਇਹ ਕਿ ਸਹਿਰਾਂ ਵਿੱਚ ਪਾਂਣੀ ਸਟੋਰ ਕਰਨ ਲਈ ਸਰਕਾਰੀ ਟੈਕੀਆਂ ਵੱਧ ਤੋਂ ਵੱਧ ਬਣਾਈਆਂ ਜਾਣ ਅਤੇ ਸਮੇਂ-ਸਮੇਂ ਸਿਰ ਪਾਣੀ ਦੀ ਸਪਲਾਈ ਉਹਨਾਂ ਟੈਕੀਆਂ ਵਿੱਚੋਂ ਦਿੱਤੀ ਜਾਵੇ। ਜਿਵੇਂ ਕਿ ਸਾਡੇ ਸਹਿਰ ਅਹਿਮਦਗੜ੍ਹ ਵਿਖੇ ਇੱਕ ਹੀ ਸਰਕਾਰੀ ਟੈਕੀ ਬਣੀ ਹੋਈ ਹੈ ਅਤੇ 5-6 ਟਿਊਬਵੈਲ ਦਿਨ ਵਿੱਚ 4 ਘੰਟੇ ਸਵੇਰੇ, 2 ਘੰਟੇ ਦੁਪਹਿਰ ਨੂੰ ਅਤੇ 3-4 ਘੰਟੇ ਸਾਮ ਨੂੰ ਚੱਲਦੇ ਹਨ, ਜੋ ਲੱਖਾਂ ਕਿਉਸਬ ਪਾਣੀ ਧਰਤੀ ਵਿੱਚੋਂ ਕੱਢ ਦਿੰਦੇ ਹਨ, ਜਿਸ ਨਾਲ ਲੋਕ ਫਰੀ ਦਾ ਪਾਣੀ ਸਮਝ ਕੇ ਪਾਣੀ ਦੀ ਜਰੂਰਤ ਨਾਲੋਂ ਵੱਧ ਵੇਸਟੇਂਜ ਕਰਦੇ ਹਨ, ਜਿਸ ਨਾਲ ਨਾਲੀਆਂ ਵੀ ਭਰੀਆਂ ਰਹਿੰਦੀਆਂ ਹਨ, ਸੀਵਰੇਂਜ ਵੀ ਭਰੇ ਰਹਿੰਦੇ ਹਨ ਅਤੇ ਡਿਸਪੋਜਲ ਦੀ ਸਮੱਸਿਆ ਨਗਰ ਕੌਸਲਾਂ, ਕਾਰਪੋਰੇਸ਼ਨਾਂ ਨੂੰ ਹਰ ਸਮੇਂ ਬਣੀ ਰਹਿੰਦੀ ਹੈ।

ਇਹ ਕਿ ਅਗਰ ਸਰਕਾਰੀ ਤੌਰ ਤੇ ਜਿਆਦਾ ਟੈਕੀਆਂ ਬਣੀਆਂ ਹੋਣਗੀਆਂ ਤਾਂ ਕੁਝ ਸਮੇਂ ਲਈ ਟਿਊਬਵੈਲ ਚਲਾ ਕੇ ਪਾਣੀ ਉਹਨਾਂ ਵਿੱਚ ਸਟੋਰ ਹੋ ਸਕਦਾ ਹੈ ਅਤੇ ਸਮੇਂ ਸਿਰ ਸਪਲਾਈ ਲੋਕਾਂ ਨੂੰ ਦਿੱਤੀ ਜਾ ਸਕਦੀ ਹੈ।

ਇਹ ਕਿ ਪਾਣੀ ਦੀ ਘਾਟ ਕਾਰਨ ਭਾਰਤ ਦੇ ਕਾਫੀ ਵੱਡੇ-ਵੱਡੇ ਸਹਿਰਾਂ ਵਿੱਚ ਪੀਣ ਵਾਲੇ ਪਾਣੀ, ਲੋਕਾਂ ਦੇ ਨਹਾਉਣ, ਕੱਪੜੇ ਧੋਣ ਅਤੇ ਹੋਰ ਜਰੂਰਤਾਂ ਲਈ ਹਾਹਾਕਾਰ ਮੱਚੀ ਰਹਿੰਦੀ ਹੈ। ਜੇਕਰ ਧਰਤੀ ਹੇਠਲਾ ਪਾਣੀ ਸਮੇਂ ਸਿਰ ਨਾ ਬਚਾਇਆ ਗਿਆ ਤਾਂ ਆਉਣ ਵਾਲੇ 5-6 ਸਾਲਾਂ ਵਿੱਚ ਪੰਜਾਬ ਵਿੱਚ ਵੀ ਇਸ ਤਰਾਂ ਦੇ ਹਾਲਾਤ ਪੈਦਾ ਹੋ ਜਾਣਗੇ, ਜਿਸ ਨਾਲ ਲੋਕਾਂ ਲਈ ਪੀਣ, ਨਹਾਉਣ, ਸਾਫ-ਸਫਾਈ, ਬਿਲਡਿੰਗਾਂ ਬਨਾਉਣ, ਖੇਤੀਬਾੜੀ ਕਰਨ, ਗੁਰਦੁਆਰਾ ਸਾਹਿਬ, ਮੰਦਰਾਂ, ਮਸਜਿਦਾਂ ਵਗੈਰਾ ਵਿੱਚ ਪਾਣੀ ਦੀ ਹੋਰ ਘਾਟ ਪੈਦਾ ਹੋ ਜਾਵੇ ਅਤੇ ਪਾਣੀ ਦੀ ਸਮੱਸਿਆ ਖੜੀ ਹੋ ਜਾਵੇਗੀ।

ਇਹ ਕਿ ਲੋਕਾਂ ਨੂੰ ਕੁਝ ਲਿਮਟ ਤੱਕ ਫਰੀ ਪਾਣੀ ਦਿੱਤਾ ਜਾਣਾ ਚਾਹੀਦਾ ਹੈ ਅਤੇ ਘਰਾਂ ਵਿੱਚ ਮੀਟਰ ਲੱਗਣੇ ਚਾਹੀਦੇ ਹਨ। ਫਰੀ ਲਿਮਟ ਤੋਂ ਬਾਅਦ ਪਾਣੀ ਦੀ ਵਰਤੋਂ ਉੱਤੇ ਚਾਰਜਿਜ ਲੱਗਣੇ ਚਾਹੀਦੇ ਹਨ। ਸਰਕਾਰੀ ਮੁਲਾਜਮਾ ਦੀ ਪਾਣੀ ਦੀ ਵੇਸਟੇਂਜ ਰੋਕਣ ਲਈ ਡਿਊਟੀਆਂ

LAL GOYAL
Advocate
Y PUBLIC
Vice President, B.J.P.
ber, Grievance Committee,
ivision, Malerkotla.

Resi. : 01675-242103
(M) 98150-26047
Ward No. 2, Opp. Railway Station
Dr. Ambedkar Nagar,
AHMEDGARH (Distt. Sangrur) (Pb.)

DATED 12-6-18

ਲਗਾਈਆਂ ਜਾਣੀਆਂ ਚਾਹੀਦੀਆਂ ਹਨ ਅਤੇ ਲੋਕਾਂ ਨੂੰ ਮੀਡੀਆ ਰਾਹੀਂ, ਅਖਬਾਰਾਂ ਰਾਹੀਂ ਪਾਣੀ ਦੀ ਕੀਮਤ ਬਾਰੇ ਜਾਣੂ ਕਰਾਇਆ ਜਾਵੇ ਤਾਂ ਕਿ ਆਉਣ ਵਾਲੀ ਪੀੜੀ ਲਈ ਪਾਣੀ ਦੀ ਘਾਟ ਨੂੰ ਮਹਿਸੂਸ ਕਰਦੇ ਹੋਏ ਸਰਕਾਰਾਂ ਤੇ ਇਲਜਾਮ ਨਾ ਲਗਾਉਣ, ਅੱਜ ਤੋਂ ਹੀ ਲੋਕਾਂ ਨੂੰ ਪਾਣੀ ਦੀ ਬਚਤ ਕਰਨ ਦੀ ਆਦਤ ਪਾਈ ਜਾਵੇ ਅਤੇ ਲੋਕਾਂ ਨੂੰ ਪ੍ਰੇਰਿਤ ਕੀਤਾ ਜਾਵੇ।

ਇਹ ਕਿ ਇਸ ਪੱਤਰ ਤੋਂ ਪਹਿਲਾਂ ਵੀ ਮਿਤੀ 02-05-2017 ਨੂੰ ਮਾਨਯੋਗ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ, ਪੰਜਾਬ ਸਰਕਾਰ ਨੂੰ ਪੱਤਰ ਭੇਜ ਚੁੱਕਾ ਹਾਂ। ਜਿਸਦੀ ਕਾਪੀ ਨਾਲ ਨੱਥੀ ਹੈ ਅਤੇ ਕੈਪਟਨ ਸਾਹਿਬ ਵੱਲੋਂ ਪਾਣੀ ਬਚਾਉਣ ਲਈ ਇੱਕ ਡਾਇਰੈਕਟੋਰੇਟ ਸਥਾਪਿਤ ਕਰਨ ਸਬੰਧੀ ਐਲਾਨ ਵੀ ਕੀਤਾ ਜਾ ਚੁੱਕਾ ਹੈ। ਜੋ ਸਾਲ 2017 ਵਿੱਚ ਸਪੋਕਸਮੈਨ ਅਖਬਾਰ ਵਿੱਚ ਕੈਪਟਨ ਸਾਹਿਬ ਦਾ ਬਿਆਨ ਵੀ ਛਪਿਆ ਸੀ।

ਲਿਹਾਜਾ ਸੁਝਾਅ ਭੇਜ ਕੇ ਬੇਨਤੀ ਕਰਦਾ ਹਾਂ ਕਿ ਸ਼ਹਿਰਾਂ ਵਿੱਚ ਜਿਆਦਾ ਤੋਂ ਜਿਆਦਾ ਸਰਕਾਰੀ ਟੈਕੀਆਂ ਦਾ ਨਿਰਮਾਣ ਕੀਤਾ ਜਾਵੇ ਅਤੇ ਫਰੀ ਪਾਣੀ ਦੇਣ ਦੀ ਸਰਕਾਰੀ ਦੀ ਪੋਲਸੀ ਤੇ ਵਿਚਾਰ ਕੀਤਾ ਜਾਵੇ ਅਤੇ ਲੋਕਾਂ ਨੂੰ ਪਾਣੀ ਦੀ ਬਚਤ ਕਰਨ ਲਈ ਜਾਗਰੂਕ ਕੀਤਾ ਜਾਵੇ ਅਤੇ ਘੱਟ ਸਮੇਂ ਲਈ ਸਰਕਾਰੀ ਟਿਊਬਵੈਲ ਚਲਾਏ ਜਾਣ ਤਾਂ ਕਿ ਆਉਣ ਵਾਲੇ ਸਮੇਂ ਵਿੱਚ ਪਾਣੀ ਦੀ ਬਚਤ ਹੋ ਸਕੇ। ਅੱਜ ਦੇ ਸਮੇਂ ਵਿੱਚ ਦੇਸ ਦੇ ਵੱਡੇ-ਵੱਡੇ ਸ਼ਹਿਰਾਂ ਵਿੱਚ ਪਾਣੀ ਦੀ ਘਾਟ ਕਾਰਨ ਲੋਕ ਲਾਇਨਾਂ ਵਿੱਚ ਲਗਦੇ ਹਨ ਅਤੇ ਕਈ ਜਗ੍ਹਾ ਪਾਣੀ ਹਾਸ਼ਲ ਕਰਨ ਲਈ ਕਤਲ ਵੀ ਹੋਏ ਹਨ, ਇਹਨਾਂ ਸਾਰੀਆਂ ਗੱਲਾਂ ਤੋਂ ਬਚਣ ਲਈ ਸੁਝਾਵਾਂ ਤੇ ਜਲਦੀ ਤੋਂ ਜਲਦੀ ਗੌਰ ਕੀਤੀ ਜਾਵੇ। ਮਿਤੀ:

ਵੱਲੋਂ:
1.ਹੀਰਾ ਲਾਲ ਗੋਇਲ ਵਕੀਲ, ਸਮਾਜ ਸੇਵਕ,
2.ਸਾਬਕਾ ਜਿਲ੍ਹਾ ਮੀਤ ਪ੍ਰਧਾਨ ਭਾਜਪਾ,
3.ਸਾਬਕਾ ਮੈਂਬਰ ਸਿਕਾਇਤ ਨਿਵਾਰਨ ਕਮੇਟੀ,
4.ਮੈਂਬਰ ਸ੍ਰੀ ਗਉਸ਼ਾਲਾ ਕਮੇਟੀ (ਰਜਿ:), ਅਹਿਮਦਗੜ੍ਹ,
5.ਮੀਤ ਪ੍ਰਧਾਨ ਸ੍ਰੀ ਭੂਮੇਸਵਰ ਮਹਾਦੇਵ ਟਰੱਸਟ (ਰਜਿ:) ਰੋਹੀੜਾ,
ਵਾਸੀ ਵਾਰਡ ਨੰਬਰ 2, ਅਹਿਮਦਗੜ੍ਹ।
ਮੋਬਾ: 98150-26047

**ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ**
**ਪਲਾਟ ਨੰ: 1-ਬੀ, ਸੈਕਟਰ 27-ਏ, ਚੰਡੀਗੜ੍ਹ।**

ਪਿੱਠ ਅੰਕਣ ਨੰ: ਪਵਸਸਬ-2018/ਵ-3/ 11981-83 ਮਿਤੀ: 6-7-18

~~ਉਪਰੋਕਤ ਦੀ ਨਕਲ ਸਮੇਤ ਸਹਿੱਲਗ, ਮੁੱਖ ਇੰਜੀਨੀਅਰ (ਪੂਰਵ/ਪੱਛਮ/ਦੱਖਣ)~~, ਪੰਜਾਬ ਵ/ਸ ਅਤੇ ਸੀਵਰੇਜ ਬੋਰਡ, ਪਟਿਆਲਾ/ਅਮ੍ਰਿਤਸਰ/ਬਠਿੰਡਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਵਿਸੇ ਅੰਕਿਤ ਮਾਮਲੇ ਤੇ ਲੋੜੀਦੀ ਕਾਰਵਾਈ ਕਰਨ ਉਪਰੰਤ ਰਿਪੋਰਟ ਇਸ ਦਫਤਰ ਨੂੰ ਭੇਜੀ ਜਾਵੇ।

ਨੱਥੀ/ਉਕਤ ਅਨੁਸਾਰ

ਕਾਰਜਕਾਰੀ ਇੰਜੀਨੀਅਰ (ਵ)